ਸੰਪਾਦਕੀ

ਭਾਰਤ ਦੀ ਪਹਿਲਕਦਮੀ ਸ਼ਲਾਘਾਯੋਗ

ਭਾਰਤ ਸਰਕਾਰ ਨੇ ਲੰਬੀ ਸੋਚ ਵਿਚਾਰ ਤੋਂ ਬਾਅਦ ਪਾਕਿਸਤਾਨ ਨਾਲ ਵਿਦੇਸ਼ ਸਕੱਤਰ ਪੱਧਰ ਤੇ ਗੱਲਬਾਤ ਕਰਨ ਦਾ ਨਿਰਣਾ ਲਿਆ ਹੈ। ਭਾਰਤ ਸਰਕਾਰ ਦਾ ਇਹ ਕਦਮ ਇਸ ਖੇਤਰ ਵਿੱਚ ਸ਼ਾਂਤੀ ਦੀ ਸਥਾਪਨਾ ਲਈ ਬੇਹੱਦ ਸਹਾਈ ਹੋ ਸਕਦਾ ਹੈ। ਭਾਰਤ ਦੀ ਇਹ ਪਹਿਲਕਦਮੀ ਦਾ ਪਾਕਿਸਤਾਨ ਯੋਗ ਹੁੰਗਾਰਾ ਭਰਨਾ ਚਾਹੀਦਾ ਹੈ। ਭਾਰਤ ਵੱਲੋਂ ਇਹ ਵੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਪ੍ਰਸਤਾਵਿਤ ਗੱਲਬਾਤ ਅੱਤਵਾਦ ਅਤੇ ਹੋਰ ਉਨ੍ਹਾਂ ਮੁੱਦਿਆਂ 'ਤੇ ਹੋਵੇਗੀ ਜਿਹੜੇ ਲੰਮੇ ਸਮੇਂ ਤੋਂ ਦੋ-ਪੱਖੀ ਸੰਬੰਧਾਂ 'ਚ ਅੜਿੱਕਾ ਬਣ ਰਹੇ ਹਨ। ਇਸ ਤੋਂ ਪਹਿਲਾਂ ਭਾਰਤ ਪਾਕਿਸਤਾਨ ਨਾਲ ਗੱਲਬਾਤ ਲਈ ਇਹ ਸ਼ਰਤ ਰੱਖ ਰਿਹਾ ਸੀ ਕਿ ਜਿੰਨਾ ਚਿਰ ਤੱਕ ਮੁੰਬਈ ਹਮਲੇ ਨਾਲ ਸਬੰਧਿਤ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਹੁੰਦੀ ਤਦ ਤੱਕ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ। ਇਹ ਗੱਲ ਵੱਖਰੀ ਹੈ ਕਿ ਇਸ ਸਮੇਂ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਣ ਸਿੰਘ ਨੇ ਪਾਕਿਸਤਾਨ ਦੇ ਸਦਰ ਜਨਾਬ ਆਸਿਫ ਅਲੀ ਜ਼ਰਦਾਰੀ ਨਾਲ ਦੋ ਸਿਖਰ ਵਾਰਤਾ ਕੀਤੀਆਂ ਸਨ। ਇਨ੍ਹਾਂ ਸਿਖਰ ਵਾਰਤਾਵਾਂ ਵਿੱਚ ਵੀ ਦੁਵੱਲੇ ਮਸਲਿਆਂ 'ਤੇ ਲੰਬੀ ਗੱਲਬਾਤ ਹੋਈ ਸੀ। ਇਨ੍ਹਾਂ ਸਿਖਰ ਵਾਰਤਾਵਾਂ ਦਾ ਹੀ ਸਿੱਟਾ ਹੈ ਕਿ ਦੋਵੇਂ ਦੇਸ਼ ਕਿਸੇ ਨਾ ਕਿਸੇ ਪੱਧਰ ਤੇ ਆਪਸੀ ਵਿਚਾਰ ਚਰਚਾ ਵਿੱਚ ਰੁਝੇ ਰਹਿੰਦੇ ਹਨ। ਹੁਣ ਭਾਰਤ ਨੇ ਆਪਣੇ ਤੌਰ 'ਤੇ ਦੁਵੱਲੇ ਮਾਮਲਿਆਂ ਬਾਰੇ ਸਰਕਾਰੀ ਤੌਰ 'ਤੇ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ ਹੈ। ਇਸ ਸਬੰਧ ਵਾਰਤਾ ਵਿੱਚ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀ ਹਿੱਸਾ ਲੈਣਗੇ। ਗੱਲਬਾਤ ਦੀਆਂ ਤਾਰੀਖਾਂ ਪਾਕਿਸਤਾਨ ਦੇ ਹੁੰਗਾਰੇ ਪਿੱਛੋਂ ਹੀ ਤੈਅ ਕੀਤੀਆਂ ਜਾਣਗੀਆਂ। ਭਾਰਤ ਦੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨਾਲ ਬੀਤੇ ਹਫ਼ਤੇ ਟੈਲੀਫੋਨ 'ਤੇ ਗੱਲਬਾਤ ਵੀ ਕੀਤੀ ਸੀ। ਇਸ ਗੱਲਬਾਤ ਦੌਰਾਨ ਇਹ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਭਾਰਤ ਸਾਰੇ ਵਿਵਾਦ ਵਾਲੇ ਮੁੱਦਿਆਂ 'ਤੇ ਸਿੱਧੀ ਗੱਲਬਾਤ ਕਰਨਾ ਚਾਹੁੰਦਾ ਹੈ। ਸਭ ਤੋ ਚੰਗੀ ਗੱਲ ਇਹ ਹੈ ਕਿ ਭਾਰਤ ਨੇ ਇਸ ਦੁਵੱਲੀ ਗੱਲਬਾਤ ਲਈ ਕੋਈ ਸ਼ਰਤ ਨਹੀਂ ਰੱਖੀ। ਦੋਵਾਂ ਦੇਸ਼ਾਂ ਦਰਮਿਆਨ ਮਸਲੇ ਦੇ ਨਿਪਟਾਰੇ ਲਈ ਇਹ ਸਭ ਤੋਂ ਚੰਗੀ ਪਹੁੰਚ ਹੈ। ਗੱਲਬਾਤ ਨਾ ਕਰਨ ਦਾ ਅਰਥ ਇਹ ਹੈ ਕਿ ਅਸੀਂ ਇਸ ਖੇਤਰ ਵਿੱਚ ਸ਼ਾਂਤੀ ਅਤੇ ਦੋਸਤੀ ਦੇ ਵਿਰੋਧੀਆਂ ਦੇ ਦਬਾਅ ਹੇਠ ਕੰਮ ਕਰ ਰਹੇ ਹਾਂ। ਇਸ ਖੇਤਰ ਵਿੱਚ ਸਰਗਰਮ ਕੁੱਝ ਤਾਕਤਾਂ ਸ਼ਾਂਤੀ ਅਤੇ ਦੋਸਤਾਨਾ ਸਬੰਧਾਂ ਦੇ ਹੱਕ ਵਿੱਚ ਨਹੀਂ ਹਨ। ਦੋਵੇਂ ਦੇਸ਼ਾਂ ਦੀ ਸਿੱਧੀ ਗੱਲਬਾਤ ਨਾਲ ਅਜਿਹੀਆਂ ਤਾਕਤਾਂ ਨੂੰ ਕਰਾਰਾ ਜਵਾਬ ਮਿਲੇਗਾ। ਇਸ ਪ੍ਰਸਤਾਵ ਵਿੱਚ ਗੱਲਬਾਤ ਦੌਰਾਨ ਭਾਰਤ ਹੋਰਨਾਂ ਮੁੱਦਿਆਂ ਦੇ ਨਾਲ-ਨਾਲ ਪਾਣੀਆਂ ਦੀ ਵੰਡ ਬਾਰੇ ਪੈਦਾ ਹੋਏ ਮਤਭੇਦਾਂ 'ਤੇ ਵੀ ਗੱਲਬਾਤ ਕਰਨ ਦਾ ਚਾਹਵਾਨ ਹੈ। ਬੀਤੇ ਕੁਝ ਸਮੇਂ ਤੋਂ ਦੋਵਾਂ ਦੇਸ਼ਾਂ ਵਿਚਾਲੇ ਪਾਣੀਆਂ ਦਾ ਮੁੱਦਾ ਵੀ ਤਕਰਾਰ ਦਾ ਇੱਕ ਵੱਡਾ ਕਾਰਨ ਬਣਿਆ ਹੋਇਆ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ 2008 ਤੋਂ ਰੁਕੀ ਹੋਈ ਸੀ। ਇਸ ਗੱਲ ਵਿੱਚ ਕੋਈ ਫਰਕ ਨਹੀਂ ਪੈਂਦਾ ਕਿ ਜੇਕਰ ਇਸ ਦੁਵੱਲੀ ਗੱਲਬਾਤ ਦੌਰਾਨ ਕਸ਼ਮੀਰ ਬਾਰੇ ਵੀ ਚਰਚਾ ਹੁੰਦੀ ਹੈ। ਦੋਵੇਂ ਦੇਸ਼ ਆਪਸੀ ਗਲਤਫਹਿਮੀਆਂ ਇਸ ਤਰ੍ਹਾਂ ਹੀ ਦੂਰ ਕਰ ਸਕਦੇ ਹਨ। ਦੋਵੇਂ ਦੇਸ਼ਾਂ ਦੇ ਲੋਕ ਇਸ ਖੇਤਰ ਵਿੱਚ ਸ਼ਾਂਤੀ ਅਤੇ ਦੋਸਤਾਨਾ ਮਾਹੌਲ ਚਾਹੁੰਦੇ ਹਨ। ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਨਵੇਂ ਮਾਹੌਲ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਸਾਰਥਿਕ ਅਤੇ ਨਤੀਜਾਜਨਕ ਹੋਵੇਗੀ, ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਚਿਰਾਂ ਤੋਂ ਪੈਦਾ ਹੋਈ ਦੁਸ਼ਮਣੀ ਅਤੇ ਬੇਇਤਬਾਰੀ ਖ਼ਤਮ ਹੋ ਜਾਵੇਗੀ। ਦੁਵੱਲੇ ਮਸਲਿਆਂ ਨੂੰ ਲੰਮਾ ਸਮਾਂ ਲਟਕਾਉਣਾ ਕਿਸੇ ਵੀ ਦੇਸ਼ ਦੇ ਪੱਖ ਵਿੱਚ ਨਹੀਂ ਹੈ। ਇਸ ਨਾਲ ਦੋਵੇਂ ਦੇਸ਼ਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਰਿਹਾ ਹੈ। ਆਪਸੀ ਸਬੰਧਾਂ ਵਿੱਚ ਵਿਗਾੜ ਕਾਰਨ ਪਾਕਿਸਤਾਨ ਵਿੱਚ ਵੀ ਸੰਕਟ ਲਗਾਤਾਰ ਵੱਧ ਰਿਹਾ ਹੈ। ਪਾਕਿਸਤਾਨ ਦੀ ਸਰਕਾਰ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਇਸ ਮੌਕੇ ਤੇ ਗਵਾਂਢੀ ਦੇਸ਼ਾਂ ਨਾਲ ਟਕਰਾਅ ਪੈਦਾ ਨਾ ਕਰੇ। ਦੋਵੇਂ ਹੀ ਦੇਸ਼ਾਂ ਨੂੰ ਆਪਸੀ ਟਕਰਾਅ ਦੀ ਥਾਂ ਅੰਦਰੂਨੀ ਸਮੱਸਿਆਵਾਂ ਦੇ ਹੱਲ ਲਈ ਵਧੇਰੇ ਧਿਆਨ ਦੇਣਾ ਹੋਵੇਗਾ। ਇਸ ਖੇਤਰ ਵਿੱਚ ਸ਼ਾਂਤੀ ਅਤੇ ਦੋਸਤਾਨਾ ਮਾਹੌਲ ਦੀ ਸਥਾਪਨਾ ਲਈ ਸਾਰੀਆਂ ਸੰਬੰਧਿਤ ਧਿਰਾਂ ਨੂੰ ਯੋਗਦਾਨ ਪਾਉਣਾ ਹੋਵੇਗਾ।

-ਬਲਜੀਤ ਸਿੰਘ ਬਰਾੜ

ਪੇਂਡੂ ਵਿਕਾਸ ਲਈ ਉਧਾਰ ਜਮਾਂ ਪਹੁੰਚ

ਡਾ.ਕੇ.ਜੀ,ਕਰਮਾਕਰ

ਜਾਣ-ਪਛਾਣ .- ਖੇਤੀਬਾੜੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ 1982 ਵਿੱਚ ਭਾਰਤੀ ਰਿਜ਼ਰਵ ਬੈਂਕ ਤੋਂ ਕੱਢ ਕੇ ਬਣਾਇਆ ਗਿਆ ਸੀ ਅਤੇ ਸਮੁੱਚਿਤ ਦਿਹਾਤੀ ਵਿਕਾਸ ਲਿਆਉਣ ਬਾਰੇ 1981 ਦੇ ਪਾਰਲੀਮੈਂਟ ਐਕਟ ਦੁਆਰਾ ਸਥਾਪਿਤ ਇੱਕ ਵਿਲੱਖਣ ਸੰਸਥਾ ਦੇ ਦੌਰ 'ਤੇ ਜਾਰੀ ਹੈ। ਇਹ ਵਿਕਾਸ ਦਾ ਇੱਕ ਉੱਚ ਕੋਟੀ ਦੀ ਵਿੱਤੀ ਸੰਸਥਾ ਹੈ। ਖੇਤੀਬਾੜੀ ਦੀਆਂ ਉਧਾਰ ਸਬੰਧੀ ਜ਼ਿੰਮੇਦਾਰੀਆਂ, ਸੰਸਥਾਗਤ ਵਿਕਾਸ ਅਤੇ ਕੋਅਪਰੇਟਿਵ ਕਰੈਡਿਟ ਇੰਸਟੀਚਿਊਸ਼ਨਜ਼ ਅਤੇ ਖੇਤਰੀ ਦਿਹਾਤੀ ਬੈਂਕਾਂ ਦੀਆਂ ਗਤੀਵਿਧੀਆਂ 'ਤੇ ਨਜ਼ਰਸਾਨੀ ਦੀ ਜ਼ਿੰਮੇਵਾਰੀ ਇਸੇ ਸੰਸਥਾ ਦੀ ਹੈ। ਕੇਂਦਰ ਸਰਕਾਰ ਅਤੇ ਭਾਰਤੀ ਰੀਜ਼ਰਵ ਬੈਂਕ ਦੇ ਸੰਯੁਕਤ ਅਧਿਕਾਰ ਅਧੀਨ ਇਸ ਦਾ ਮਿਸ਼ਨ ਹੈ, ਕਾਰਗਰ ਉਧਾਰ ਸਹਾਇਤਾ, ਸੰਬੰਧਿਤ ਸੇਵਾਵਾਂ, ਸੰਸਥਾਗਤ ਵਿਕਾਸ ਅਤੇ ਹੋਰ ਨਵੀਨ ਸ਼ੁਰੂਆਤ ਦੁਆਰਾ ਕਾਬਿਲੇ ਤਸਦੀਕ ਖੇਤੀਬਾੜੀ ਅਤੇ ਦਿਹਾਤੀ ਖ਼ੁਸ਼ਹਾਲੀ ਵਿੱਚ ਵਿਸਤਾਰ ਲਿਆਉਣਾ। ਭਾਰਤ ਵਿੱਚ ਇਹ ਇਕੱਲੀ ਸੰਸਥਾ ਹੈ ਜੋ ਸ਼ਹਿਰੀ ਖੇਤਰਾਂ ਵਿੱਚੋਂ ਫ਼ੰਡ ਇਕੱਠਾ ਕਰਕੇ ਸਿਰਫ਼ ਦਿਹਾਤੀ ਖੇਤਰਾਂ ਵਿੱਚ ਲਗਾਉਂਦੀ ਹੈ। ਇਸ ਸੰਸਥਾ ਕੋਲ 3000 ਅਫ਼ਸਰਾਂ ਅਤੇ 1800 ਹੋਰ ਸਟਾਫ਼ ਮੈਂਬਰਾਂ ਦੀ ਸੰਖਿਆ ਹੈ ਜੋ ਵਿੱਤੀ ਅਤੇ ਤਕਨੀਕੀ ਵਿਸ਼ੇਸ਼ੱਗ ਅਤੇ ਖੇਤੀਬਾੜੀ ਦੇ ਮਾਹਿਰ ਹਨ ਅਤੇ ਯੋਗਤਾ ਪ੍ਰਾਪਤ ਅਫ਼ਸਰ ਹਨ ਜੋ 400 ਜ਼ਿਲ੍ਹਿਆਂ ਅਤੇ ਸਾਰੇ ਪ੍ਰਾਂਤਾਂ ਦੀਆਂ ਰਾਜਧਾਨੀਆਂ ਵਿੱਚ ਤੈਅ ਹਨ। ਇਹ ਸੰਸਥਾ ਸਹਿਕਾਰੀ,ਵਣਜਨ ਅਤੇ ਆਰ.ਆਰ. ਬੈਂਕਾਂ ਲਈ 6 ਸਿਖਲਾਈ ਸੰਸਥਾਵਾਂ 'ਤੇ ਸਿਖਲਾਈ ਸਹੂਲਤਾਂ ਵੀ ਪ੍ਰਦਾਨ ਕਰਦੀ ਹੈ।

ਕਰਜ਼ਾ ਅਮਲ (ਕਰੈਡਿਟ ਆਪਰੇਸ਼ਨ)

ਆਪਣੇ ਕਾਰਨਾਮੇ ਅਨੁਸਾਰ ਨਾਬਾਰਡ ਦਿਹਾਤੀ ਗ਼ੈਰ-ਖੇਤੀ ਖੇਤਰ ਦੇ ਅੰਤਰਗਤ ਖੇਤੀਬਾੜੀ ਸਹਾਇਕ ਧੰਦਿਆਂ ਵਿੱਚ ਪੈਦਾਵਾਰ ਅਤੇ ਨਿਵੇਸ਼ ਗਤੀਵਿਧੀਆਂ ਦਾ ਸਹਾਇਤਾ ਬੈਂਕਾਂ ਅਤੇ ਵਣਜਕ ਬੈਂਕਾਂ ਨੂੰ ਪੁਨਰ-ਵਿੱਤ ਰਾਹੀਂ ਵਿੱਤੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਰੀਫਾਇਨਾਂਸ ਦੇ ਅੰਤਰਗਤ ਖੇਤੀਬਾੜੀ ਲਈ ਕਰਜ਼ੇ ਘੱਟ ਦਰਾਂ 'ਤੇ ਦਿੱਤੇ ਜਾ ਰਹੇ ਹਨ ਤਾਂ ਕਿ ਕਿਸਾਨਾਂ ਨੂੰ ਜ਼ਿਆਦਾ ਲਾਭ ਮਿਲੇ ਅਤੇ ਉਨ੍ਹਾਂ ਨੂੰ ਬਾਹਰੋਂ ਮਹਿੰਗੀ ਦਰ 'ਤੇ ਕਰਜ਼ਾ ਨਾ ਲੈਣਾ ਪਵੇ। ਨਾਬਾਰਡ ਕੋਲ ਰਾਜ ਸਰਕਾਰਾਂ ਸਹਿਕਾਰੀ ਕਰਜ਼ਾ ਸੰਸਥਵਾਂ ਬੈਂਕਾਂ ਲਈ ਕਰਜ਼ੇ ਦੇ ਚਾਰ ਮੁੱਖ ਰਸਤੇ ਹਨ.-

1. ਥੋੜ੍ਹੀ ਮਿਆਦ ਦਾ ਕਰਜ਼ਾ (18 ਮਹੀਨਿਆਂ ਤੱਕ)

* ਵੱਖ-ਵੱਖ ਫ਼ਸਲਾਂ ਅਤੇ ਖੇਤਰਾਂ ਲਈ ਵਿੱਤ ਮਾਲੀ ਦੇ ਮਨਜ਼ੂਰਸ਼ੁਦਾ ਮਾਪਦੰਡਾਂ ਅਨੁਸਾਰ ਕਿਸਾਨਾਂ ਨੂੰ ਸਮੇਂ ਸਿਰ ਅਤੇ ਰਿਆਇਤ ਦਰਾਂ 'ਤੇ ਕਰਜ਼ੇ ਲਈ ਮੌਸਮੀ ਖੇਤਾਬਾੜੀ ਅਮਲ (ਸਾਲ 2009-10 ਵਿੱਚ 24,000 ਕਰੋੜ ਰੁਪਏ)

* ਦੂਸਰੇ ਖੇਤੀਬਾੜੀ ਗ਼ੈਰ ਖੇਤੀਬਾੜੀ ਅਮਲ ਜਿਵੇਂ ਨਿਵੇਸ਼, ਮੰਡੀਕਰਨ, ਫ਼ਸਲ ਮੰਡੀਕਰਨ, ਮੱਛੀ ਪਾਲਣ, ਗ੍ਰਾਮ ਉਦਯੋਗਿਕ ਸਹਿਕਾਰਤਾ, ਜੰਗਲ ਉਤਪਾਦ, ਗ੍ਰਾਮ ਸ਼ਿਲਪ, ਖੱਡੀ ਬੁਣਕਾਰ ਆਦਿ।

2. ਦਰਮਿਆਨ ਮਿਆਦ ਦਾ ਕਰਜ਼ਾ (3 ਸਾਲ ਤੱਕ) ਪਰ ਵਿਸ਼ੇਸ਼ ਪ੍ਰਸਥਿਤੀਆਂ ਵਿੱਚ 7 ਸਾਲ ਤੱਕ ਵਿਸਤਾਰਸ਼ੀਲ।

* ਕੁਦਰਤੀ ਆਫ਼ਤਾਂ ਕਾਰਨ ਫ਼ਸਲਾਂ ਦੇ ਭਾਰੀ ਨੁਕਸਾਨ ਲਈ ਰੂਪਾਂਤਰਿਤ ਕਰਜ਼ੇ।

* ਉਤਪਾਦਕ ਸੰਪਤੀ ਲਾਭ ਲਈ ਗ਼ੈਰ ਕਰਜ਼ੇ-ਯੋਜਨਾ।

3. ਨਿਵੇਸ਼ ਲਈ ਕਰਜ਼ਾ (ਤਿੰਨ ਸਾਲ ਤੋਂ ਅੱਗੇ 25 ਸਾਲ ਤੱਕ)

ਸੰਪਤੀ ਸਿਰਜਣ ਦੁਆਰਾ ਪੂੰਜੀ ਨਿਰਮਾਣ ਲਈ ਸਾਰੀਆਂ ਦਿਹਾਤੀ ਆਰਥਿਕ ਗਤੀਵਿਧੀਆਂ ਨੂੰ ਅਧਿਕ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਦੇ ਅੰਤਰਗਤ ਉਹ ਸਾਰੀਆਂ ਗਤੀਵਿਧੀਆਂ ਵੀ ਸ਼ਾਮਿਲ ਹਨ, ਜੋ ਕਿਸਾਨਾਂ ਅਤੇ ਉੱਦਮੀਆਂ ਦੀ ਆਮਦਨ, ਉਤਪਾਦਕਤਾ ਅਤੇ ਉਤਪਾਦਨ ਨੂੰ ਵਧਾਉਣ ਵਾਸਤੇ ਤਕਨਾਲੋਜੀ ਨੂੰ ਅਪਗ੍ਰੇਡ ਕਰਨ ਵਾਸਤੇ ਤਕਨਾਲੋਜੀ ਨੂੰ ਅਪਗਰੇਡ ਕਰਨ ਵਾਸਤੇ ਪ੍ਰੇਰਕ ਬਣਦੀਆਂ ਹਨ । (ਸਾਲ 2009-10 ਵਿੱਚ 12,000 ਕਰੋੜ ਰੁਪਏ)

4. ਦਿਹਾਤੀ ਅੰਦਰ ਦਿਹਾਤੀ ਬੁਨਿਆਦੀ ਢਾਂਚਾ ਆਧਾਰ ਨੂੰ ਹੋਰ ਵਧਾਉਣ ਅਤੇ ਖੇਤੀਬਾੜੀ ਦਿਹਾਤੀ ਉਧਾਰ ਦੀ ਮੰਗ ਨੂੰ ਹੋਰ ਚੁਸਤ-ਦਰੁੱਸਤ ਕਰਨ ਲਈ ਸਰਕਾਰੀ ਬਜਟ ਦੇ ਸਰੋਤ ਨਾਕਾਫ਼ੀ ਹਨ ਅਤੇ ਇਸ ਲਈ ਵਪਾਰਕ ਬੈਂਕਾਂ ਤੋਂ ਫ਼ੰਡ ਸਹਾਇਤਾ ਰਾਹੀਂ ਰਿਆਇਤੀ ਦਰਾਂ 'ਤੇ ਪੰਜ ਸਾਲ ਦੀ ਮਿਆਦ ਵਾਲੇ ਕਰਜ਼ੇ ਪ੍ਰਦਾਨ ਕੀਤੇ ਜਾਂਦੇ ਹਨ, ਦਿਹਾਤੀ ਖੇਤਰਾਂ ਵਿੱਚ 31 ਵੱਡੇ ਖੇਤਰ ਹਨ ਜੋ 45 ਪ੍ਰਤੀਸ਼ਤ ਸੜਕਾਂ ਅਤੇ ਸਿੰਜਾਈ ਨੂੰ ਦਿੰਦੇ ਹਨ ਅਤੇ 10 ਪ੍ਰਤੀਸ਼ਤ ਸਮਾਜਿਕ ਖੇਤਰ ਨੂੰ 1982 ਵਿੱਚ ਨਾਬਾਰਡ ਦੇ ਆਰੰਭ ਨਾਲ ਉਧਾਰ ਅਮਲ ਦਾ ਵੇਰਵਾ ਜ਼ਮੀਮਾ-1 ਵਿੱਚ ਹੈ।

ਵਿਕਾਸ ਸ਼ੁਰੂਆਤਾਂ.- ਇਸ ਤੋਂ ਇਲਾਵਾ, ਨਾਬਾਰਡ ਨੇ ਕਈ ਸਾਲਾਂ ਤੋਂ ਵਿਕਾਸਾਤਮਕ ਅਤੇ ਮਸਰਥਨਾਕੀ ਮਾਪਦੰਡਾਂ ਨੂੰ ਅਪਣਾਇਆ ਹੈ ਜਿਸ ਦਾ ਉਦੇਸ਼ ਹੈ ਆਰ.ਐਫ਼ ਆਈਜ਼ ਦਿਹਾਤੀ ਗਾਹਕਾਂ ਦੀ ਸਮਰੱਥਾ ਨੂੰ ਵਧਾਉਣਾ, ਸਮਾਜਿਕ-ਆਰਥਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤੀ ਪ੍ਰਦਾਨ ਕਰਨਾ, ਪ੍ਰਭਾਵਸ਼ਾਲੀ ਅਤੇ ਨਿਪੁੰਨ ਕਰਜ਼ਾ ਵਸਤਾਂ ਅਤੇ ਸੇਵਾਵਾਂ ਦਾ ਵਿਕਾਸ ਕਰਨਾ, ਦਿਹਾਤੀ ਮੁੱਲ ਕੜੀਆਂ ਬਣਾਉਣਾ ਅਤੇ ਵਿਚਾਰ ਸੇਵਾਵਾਂ ਆਦਿ ਨੂੰ ਮਜ਼ਬੂਤ ਕਰਨਾ। ਇਨ੍ਹਾਂ ਵਿੱਚੋਂ ਕੁਝ ਸ਼ੁਰੂ ਕੀਤੇ ਗਏ ਕੰਮਾਂ ਨੂੰ ਰਾਸ਼ਟਰੀ ਪਹਿਲ ਦਿੱਤੀ ਗਈ ਹੈ ਅਤੇ ਇਨ੍ਹਾਂ ਦਾ ਵੇਰਵਾ ਸਰਕਾਰੀ ਪ੍ਰੋਗਰਾਮਾਂ ਅਤੇ ਪੰਜ ਸਾਲਾ ਯੋਜਨਾਵਾਂ ਵਿੱਚ ਦਿੱਤਾ ਗਿਆ ਹੈ। ਬਹੁਤ ਸਾਰਿਆਂ ਦੀ ਸ਼ੁਰੂਆਤ ਨਾਬਾਰਡ ਦੇ ਆਪਣੇ ਵਿਕਾਸ ਲਈ ਸੇਵਾਵਾਂ ਅਤੇ ਉਤਪਾਦਨ ਨੂੰ ਵਿਸਤਾਰਨ ਵਿੱਚ ਲੱਗਾ ਹੋਇਆ ਹੈ।

ਪੱਧਰ-1.- ਅਨਾਜ ਸੁਰੱਖਿਆ

1. ਕਿਸਾਨਾਂ ਨੂੰ 7 ਪ੍ਰਤੀਸ਼ਤ ਦੀ ਦਰ ਨਾਲ ਸਸਤਾ ਫ਼ਸਲ ਕਰਜ਼ਾ। ਇਸ ਤਰ੍ਹਾਂ ਖੱਡੀ ਬੁਣਕਾਰਾਂ ਨੂੰ ਘੱਟ ਦਰ 'ਤੇ ਕਰਜ਼ਾ ਦੇਣ ਦੀ ਲੋੜ ਹੈ।

2. ਅਨਾਜ ਦੀ ਕਮੀ ਵਾਲੇ ਖੇਤਰਾਂ ਵਿੱਚ ਕਬਾਇਲੀਆਂ ਲਈ ਅਨਾਜ ਸੁਰੱਖਿਆ ਯਕੀਨੀ ਬਣਾਉਣ ਲਈ ਅਨਾਜ ਬੈਂਕ ਸਕੀਮ, ਇਸ ਸਕੀਮ ਦੀ ਸਮੁਦਾਇਕ ਬੱਚਤ ਦੀ ਦਾਨਾ-ਦਾਨਾ ਜਮ੍ਹਾ ਕਰਨ ਦੇ ਪਰੰਪਰਿਕ ਅਮਲ ਅਤੇ ਵਾਧੂ ਬੱਚਤ ਰਾਹੀਂ ਮੁਦਰੀਕਰਨ ਕਰਨਾ ਹੈ।

3. ਪਾਣੀ ਦੀ ਸਾਂਭ-ਸੰਭਾਲ ਦੇ ਢਾਂਚੇ ਅਤੇ ਮੌਸਮੀ ਸਿੰਜਾਈ ਦੀ ਠੱਲ੍ਹ ਨਾਲ ਕਬਾਇਲੀ ਪਰਿਵਾਰਾਂ ਲਈ ਉਪਜੀਵਕਾਂ ਦੇ ਅਵਸਰਾਂ ਨੂੰ ਜਾਰੀ ਰੱਖਣ ਦੇ ਯਕੀਨ ਲਈ ਸਹਾਇਕ ਸੇਵਾਵਾਂ ਨਾਲ ਬਗੀਚਾ ਵਿਕਾਸ 'ਤੇ 'ਵਾਡੀ' ਪ੍ਰੋਗਰਾਮ ਧਿਆਨ ਕੇਂਦਰਿਤ ਕਰਨਾ ਹੈ।

4. ਜਲ-ਵਿਭਾਜਕ ਵਿਕਾਸ ਮਿੱਟੀ ਅਤੇ ਜਲ ਪ੍ਰਬੰਧਨ, ਬਿਹਤਰ ਖੇਤੀ, ਅਰਥ ਵਿਗਿਆਨ ਅਮਲ, ਜਲ-ਸੰਭਾਲ, ਮਿੱਟੀ ਨੂੰ ਖੁਰਨ ਤੋਂ ਬਚਾਓ, ਭ੍ਰਿਸ਼ਟ ਭੂਮੀ ਸਰੋਤਾਂ ਦੀ ਮੁੜ-ਬਹਾਲੀ ਬਾਰੇ ਹੈ ਤਾਂ ਕਿ ਮਨੁੱਖ ਅਤੇ ਜਾਨਵਰ ਜਨਸੰਖਿਆ ਨੂੰ ਨਵੇਂ ਖੇਤਰਾਂ ਵਿੱਚ ਮਿਲਵਰਤਨ ਨਾਲ ਰਹਿਣ ਦੇ ਯੋਗ ਬਣਾਉਣਾ, ਜਲ ਵਿਭਾਜਕ ਵਿਕਾਸ ਵਿੱਚ ' ਬਗੀਚੇ ਤੋਂ ਵਾਦੀ' ਪਹੁੰਚ ਹੁਣ ਉਪਜੀਵਕਾ ਮੱਦਦ, ਕਰਜ਼ਾ ਜਮ੍ਹਾਂ ਗਤੀਵਿਧੀਆਂ ਅਤੇ ਆਪਣੀ ਸ਼ਮੂਲੀਅਤ ਲਈ ਔਰਤਾਂ ਦੀ ਜੁਜ਼ ਨਾਲ ਮਜ਼ਬੂਤ ਹੋ ਰਿਹਾ ਹੈ।

ਖੇਤੀਬਾੜੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ 1982 ਵਿੱਚ ਭਾਰਤੀ ਰਿਜ਼ਰਵ ਬੈਂਕ ਤੋਂ ਕੱਢ ਕੇ ਬਣਾਇਆ ਗਿਆ ਸੀ ਅਤੇ ਸਮੁੱਚਿਤ ਦਿਹਾਤੀ ਵਿਕਾਸ ਲਿਆਉਣ ਬਾਰੇ 1981 ਦੇ ਪਾਰਲੀਮੈਂਟ ਐਕਟ ਦੁਆਰਾ ਸਥਾਪਿਤ ਇੱਕ ਵਿਲੱਖਣ ਸੰਸਥਾ ਦੇ ਦੌਰ 'ਤੇ ਜਾਰੀ ਹੈ। ਇਹ ਵਿਕਾਸ ਦਾ ਇੱਕ ਉੱਚ ਕੋਟੀ ਦੀ ਵਿੱਤੀ ਸੰਸਥਾ ਹੈ। ਖੇਤੀਬਾੜੀ ਦੀਆਂ ਉਧਾਰ ਸਬੰਧੀ ਜ਼ਿੰਮੇਦਾਰੀਆਂ, ਸੰਸਥਾਗਤ ਵਿਕਾਸ ਅਤੇ ਕੋਅਪਰੇਟਿਵ ਕਰੈਡਿਟ ਇੰਸਟੀਚਿਊਸ਼ਨਜ਼ ਅਤੇ ਖੇਤਰੀ ਦਿਹਾਤੀ ਬੈਂਕਾਂ ਦੀਆਂ ਗਤੀਵਿਧੀਆਂ 'ਤੇ ਨਜ਼ਰਸਾਨੀ ਦੀ ਜ਼ਿੰਮੇਵਾਰੀ ਇਸੇ ਸੰਸਥਾ ਦੀ ਹੈ। ਕੇਂਦਰ ਸਰਕਾਰ ਅਤੇ ਭਾਰਤੀ ਰੀਜ਼ਰਵ ਬੈਂਕ ਦੇ ਸੰਯੁਕਤ ਅਧਿਕਾਰ ਅਧੀਨ ਇਸ ਦਾ ਮਿਸ਼ਨ ਹੈ, ਕਾਰਗਰ ਉਧਾਰ ਸਹਾਇਤਾ, ਸੰਬੰਧਿਤ ਸੇਵਾਵਾਂ, ਸੰਸਥਾਗਤ ਵਿਕਾਸ ਅਤੇ ਹੋਰ ਨਵੀਨ ਸ਼ੁਰੂਆਤ ਦੁਆਰਾ ਕਾਬਿਲੇ ਤਸਦੀਕ ਖੇਤੀਬਾੜੀ ਅਤੇ ਦਿਹਾਤੀ ਖ਼ੁਸ਼ਹਾਲੀ ਵਿੱਚ ਵਿਸਤਾਰ ਲਿਆਉਣਾ। ਭਾਰਤ ਵਿੱਚ ਇਹ ਇਕੱਲੀ ਸੰਸਥਾ ਹੈ ਜੋ ਸ਼ਹਿਰੀ ਖੇਤਰਾਂ ਵਿੱਚੋਂ ਫ਼ੰਡ ਇਕੱਠਾ ਕਰਕੇ ਸਿਰਫ਼ ਦਿਹਾਤੀ ਖੇਤਰਾਂ ਵਿੱਚ ਲਗਾਉਂਦੀ ਹੈ।

5. ਥਾਈਲੈਂਡ ਦੇ ਬੀ.ਏ.ਏ.ਸੀ. ਮਾਡਲ 'ਤੇ ਅਧਾਰਿਤ ਪ੍ਰਭਾਵਸ਼ਾਲੀ ਕਰਜ਼ਾ ਸਹੂਲਤਾਂ ਅਤੇ ਹੋਰ ਸਹਾਇਕ ਸੇਵਵਾਂ ਨੂੰ ਯਕੀਨੀ ਬਣਾਉਣ ਲਈ ਸੰਯੁਕਤ ਦੇਣਦਾਰੀ ਗਰੁੱਪ ਰਿਥੂ ਮਿੱਤਰਾ ਗਰੁੱਪ ਵਰਗੇ ਸਵੈ-ਮੱਦਦ ਕਿਸਾਨਾਂ ਵਾਸਤੇ ਹਨ।

6. ਲੋਕਾਂ ਦੀ ਭਾਗੀਦਾਰੀ ਅਤੇ ਹੇਠਾਂ ਤੋਂ ਉੱਪਰ ਨੂੰ ਯੋਜਨਾਬੰਦੀ ਨਾਲ ਸਮੱਗਰ ਵਿਕਾਸ ਲਈ ਵਣਜਕ ਬੈਂਕਾਂ ਸੰਗ, ਗ੍ਰਾਮ ਵਿਕਾਸ ਯੋਜਨਾ ਲਈ 960 ਪਿੰਡਾਂ ਦੀ ਪਛਾਣ ਕੀਤੀ ਗਈ ਹੈ।

7. ਸਵੈ ਸਹਾਇਤਾ ਗਰੁੱਪ ਅਤੇ ਕਿਸਾਨਾਂ ਦੇ ਕਲੱਬ ਬਿਹਤਰ ਕਰਜ਼ਾ ਅਨੁਸ਼ਾਸਨ ਲਈ ਉਤਪਾਦ ਗਤੀਵਿਧੀ ਆਧਰਿਤ ਹਨ ਜੋ ਵਿਸ਼ੇਸ਼ ਵਸਤਾਂ ਦੇ ਮੰਡੀਕਰਨ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਉਂਦੇ ਹਨ।

ਪੱਧਰ-2.- ਵਿੱਤੀ ਸਮਾਵੇਸ਼

1. ਸੰਸਾਰ ਵਿੱਚ ਮਾਰਗ ਦਰਸ਼ਕ, ਅਪ ਸਕੇਲਡ ਅਤੇ ਮੇਨਸਟਰੀਮਡ ਸਭ ਤੋਂ ਵੱਡੀ ਮਾਈਕਰੋ ਫਾਈਨਾਂਸ ਮੂਵਮੈਂਟ-5000 ਐਨ.ਜੀ. ਓਜ਼ ਅਤੇ 500 ਬੈਂਕਾਂ ਦੀ ਮੱਦਦ ਨਾਲ ਸਵੈ-ਸਹਾਇਤਾ ਗਰੁੱਪ ਲਿੰਕੇਜ ਪ੍ਰੋਗਰਾਮ।

2. ਭਾਰਤੀ ਰਿਜ਼ਰਵ ਬੈਂਕ ਪ੍ਰਤਿਮਾਨਾਂ ਅਨੁਸਾਰ ਸਾਰੇ ਬੈਂਕਾਂ ਲਈ ਕੋਈ ਫਰਿਲ ਡਿਪਾਜ਼ਿਟ ਅਕਾਊਂਟ ਨਹੀਂ।

3. ਪੀ.ਓ.ਐਸ ਜੁਗਤਾਂ ਆਦਿ ਰਾਹੀਂ ਸੁਰੱਖਿਅਤ ਫ਼ੰਡ ਤਬਦੀਲੀ ਸਹਾਇਤਾ ਲਈ ਸਾਂਝਾ ਤਕਨੀਕੀ ਪਲੇਟਫਾਰਮ।

4. ਵਿੱਤੀ ਸਮਾਵੇਸ਼ ਵਿੱਚ ਸਹਿਕਾਰੀ ਬੈਂਕ, ਆਰ.ਆਰ, ਬੀਜ਼ ਕੰਪਨੀਆਂ, ਡਾਕਖ਼ਾਨੇ, ਸਵੈ-ਸਹਾਇਤਾ ਗਰੁੱਪ ਸਾਰੇ ਸਹਿਯੋਗ ਕਰਦੇ ਹਨ।

5. ਸਾਂਝੇ ਸੇਵਾ ਕੇਂਦਰਾਂ ਦੀ ਵਰਤੋਂ ਕਰਕੇ ਮੋਬਾਇਲ ਫ਼ੋਨ ਰਾਹੀਂ ਰਕਮ ਭੇਜਣੀ।

6. ਸਾਰੇ ਬੈਂਕਾਂ ਐਸ.ਐਚ.ਜੀ ਜਨਤਕ ਖੇਤਰ ਦੀਆਂ ਬੈਂਕਾਂ ਲਈ ਬੀ.ਸੀ / ਬੀ.ਐਫ਼ ਮਾਡਲ।

7. ਬੈਂਕਾਂ ਦੁਆਰਾ ਕ੍ਰੈਡਿਟ ਕਾਰਡਾਂ ਅਤੇ ਸਵੈ-ਰੁਜ਼ਗਾਰ ਕ੍ਰੈਡਿਟ ਕਾਰਡਾਂ ਰਾਹੀਂ ਦਿਹਾਤੀ ਖੇਤਰਾਂ ਵਿੱਚ ਇਕਹਿਰੇ ਖਿੜਕੀ ਕਰਜ਼ਾ ਪ੍ਰਬੰਧ ਲਈ ਵਿਕਸਤ ਪ੍ਰਭਾਵਸ਼ਾਲੀ ਕਰਜ਼ਾ ਉਤਪਾਦ।

8. ਕਿਸਾਨਾਂ ਸਵੈ- ਸਹਾਇਤਾ ਗਰੁੱਪਾਂ ਲਈ ਪੀਪਲਜ਼ ਮਾਡਲ ਲਈ ਮਾਈਕਰੋ ਇਸ਼ੋਰੈਂਸ਼, ਜ਼ੋਖ਼ਮ ਘਟਾਉਣ ਵਿੱਚ ਮੱਦਦਗਾਰ ਹੁੰਦਾ ਹੈ।

9. ਜ਼ਿਲ੍ਹਿਆਂ ਵਿੱਚ ਆਗੂ ਬੈਂਕਾਂ ਦੁਆਰਾ ਵਿੱਤੀ ਸਲਾਹ-ਮਸ਼ਵਰਾ ਪੜ੍ਹਾਈ ਲਿਖਾਈ ਵਿੱਚ ਮੱਦਦ ਕੀਤੀ ਜਾ ਸਕਦੀ ਹੈ।

10. ਮੋਬਾਈਲ ਫ਼ੋਨ ਰਾਹੀ ਮਾਈਕਰੋ ਬੱਚਤ ਅਤੇ ਮਾਈਕਰੋ-ਰਕਮ ਭੇਜਣਾ ਪਾਇਲਟ ਟੈਸਟਡ ਹੈ।

11. ਕਿਸਾਨਾਂ ਦੇ ਹਿੱਸੇ ਵਿੱਚ ਸੁਧਾਰ ਲਈ ਉਤਪਾਦਨ ਸਹਿਕਾਰੀ-ਕਿਸਾਨਾਂ ਦੇ ਦੋਸਤ ਸੰਗਠਨਾਂ ਦਾ ਨਿਰਮਾਣ ਕਰਨਾ।

12. ਬਹੁਤ ਹੀ ਗਰੀਬ ਦਿਹਾਤੀ ਲੋਕਾਂ ਲਈ ਸਵੈ-ਸਹਾਇਤਾ ਗਰੁੱਪਾਂ ਵਿੱਚ ਮਾਈਕਰੋ ਪੈਨਸ਼ਨ ਸਕੀਮ ਵਰਦਾਨ ਸਾਬਿਤ ਹੋ ਸਕਦੀ ਹੈ।

ਪੱਧਰ-3 ਦਿਹਾਤੀ ਰੁਜ਼ਗਾਰ ਰਾਹੀ ਗਰੀਬੀ ਨਿਵਾਰਣ

1. ਦਿਹਾਤੀ ਖੇਤਰਾਂ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਅਤੇ ਸਮਰੱਥਾ ਬਣਾਉਣ ਲਈ ਆਰ.ਈ.ਡੀ ਪੀਜ਼ / ਆਰ.ਯੂ.ਡੀ. ਐਸ ਈ.ਟੀ.ਆਈ.ਐਸ.।

2. ਖੇਤੀਬਾੜੀ (ਪ੍ਰਾਂਤ ਵਿਸ਼ੇਸ਼) ਵਿੱਚ ਖੇਤੀਬਾੜੀ ਅਤੇ ਪੂੰਜੀ ਨਿਰਮਾਣ ਸਕੀਮਾਂ ਲਈ ਜ਼ਖ਼ਮ ਪੂੰਜੀ ਫ਼ੰਡ।

3. ਮਾਸਟਰ ਬੁਣਕਰਾਂ ਦੀ ਅਗਵਾਈ ਹੇਠ ਗਰੁੱਪ ਢੰਗ ਰਾਹੀਂ ਵਿੱਤ ਲਈ ਹੈਂਡਲੂਮ-ਵੀਵਰਜ਼ ਗਰੁੱਪ।

4. ਮੰਡੀ ਉੱਦਮਾਂ ਰਾਹੀਂ ਪ੍ਰੋੜ੍ਹ ਐਸ.ਐਚ ਜੀਜ਼ ਲਈ ਲਘੂ ਉੱਦਮ।

5. ਗ਼ੈਰ-ਸਰਕਾਰੀ ਸੰਗਠਨਾਂ ਬੈਂਕਾਂ ਤੋਂ ਕਰਜ਼ਾ ਵਿਕਾਸੀ ਨਿਵੇਸ਼ ਨਾਲ ਐਸ. ਐਚ.ਜੀਜ਼ ਰਾਹੀ ਇਸਤਰਾ ਸ਼ਸ਼ਕਤੀਕਰਨ।

6. ਐਸ.ਐਚ.ਜੀ ਫੈਡਰੇਸ਼ਨ, ਉਤਪਾਦ ਲਾਗਤ ਵਾਧਾ ਸਿਖਲਾਈ ਅਤੇ ਰਿਣ ਦਾਨ ਸੇਵਾਵਾਂ 'ਤੇ ਸਲਾਹ ਮਸ਼ਵਰੇ ਨੂੰ ਯਕੀਨੀ ਬਣਾਉਂਦੀਆਂ ਹਨ।

7. ਦਿਹਾਤੀ ਮੰਡੀ ਰਾਹੀਂ ਐਸ.ਐਚ.ਜੀਜ਼ ਲਈ ਬਾਜ਼ਾਰੀ ਬੁਨਿਆਦੀ ਢਾਂਚਾ ਪ੍ਰਦਾਨ ਕਰਦੇ ਹੋਏ ਮੰਡੀਕਰਨ ਦੇ ਅਵਸਰ ਪੈਦਾ ਕਰਨਾ।

8. ਨਿਵੇਸ਼ ਰਿਣ ਵਧਾਉਣ ਲਈ ਨਵੀਨ ਖੇਤੀ ਅਮਲ।

9. ਬਾਂਸ ਅਤੇ ਬੈਂਤ ਦਾ ਵਿਕਾਸ ।

10. ਦਵਾਈ, ਜੜ੍ਹੀ-ਬੂਟੀਆਂ ਅਤੇ ਪੌਦੇ।

11. ਕਿਸਾਨਾਂ ਦੁਆਰਾ ਛੋਟੀ ਖੇਤੀ ਪ੍ਰਕ੍ਰਿਆ-ਅਮਲ ਜ਼ੋਖ਼ਮ ਲਈ ਉਤਪਾਦਕ ਕੰਪਨੀਆਂ।

ਪੱਧਰ-4 ਪੇਂਡੂ ਬੁਨਿਆਦੀ ਢਾਂਚਾ

1.ਡੀ.ਆਈ.ਟੀ., ਜੀ.ਓ ਆਈ ਦੁਆਰਾ ਸਥਾਪਤ ਆਮ ਸੇਵਾ ਕੇਂਦਰਾਂ ਰਾਹੀ ਆਈ.ਸੀ.ਟੀ. ਉਦਯੋਗ ਜਿਸ ਵਿੱਚ ਈ-ਗਵਰਨੈਂਸ ਅਤੇ ਈ-ਮੇਲ ਵਰਗੀਆਂ ਸਹੂਲਤਾਂ ਸ਼ਾਮਿਲ ਹਨ, ਇਸ ਦੇ ਨਾਲ ਹੀ ਐਸ.ਐਚ. ਜੀਜ਼ ਆਦਿ ਲਈ ਸਿਖਲਾਈ, ਰਿਕਾਰਡ ਰੱਖਣ ਅਤੇ ਐਗਰੀ-ਪੋਰਟਲ ਦੀਆਂ ਸਹੂਲਤਾਂ ਹਨ।

2. ਜ਼ਿਲ੍ਹਾ ਬੁਨਿਆਦੀ ਢਾਂਚਾ ਯੋਜਨਾ ਅਤੇ ਨਾਲ ਹੀ ਖੇਤੀਬਾੜੀ ਲਈ ਪੰਜ ਸਾਲਾ ਜ਼ਿਲ੍ਹਾ ਯੋਜਨਾ ਨਾਲ ਦਿਹਾਤੀ ਬੁਨਿਆਦੀ ਢਾਂਚੇ ਲਈ ਵਿਆਪਕ ਪੱਧਰ 'ਤੇ ਪੰਜ ਸਾਲਾ ਯੋਜਨਾ।

3. ਦਿਹਾਤੀ ਬੁਨਿਆਦੀ ਢਾਂਚਾ ਲੋੜਾਂ ਦਾ ਅਨੁਮਾਨ ਅਤੇ ਫ਼ੰਡਿੰਗ ਦਿਹਾਤੀ ਸੇਵਾਵਾਂ ਖੇਤਰ ਵਿੱਚ ਸ਼ਾਮਿਲ।

4. ਪਹੁੰਚਯੋਗ ਪੇਂਡੂ ਮਕਾਨ ਉਸਾਰੀ ਤੇ ਪੀਣ ਵਾਲਾ ਪਾਣੀ, ਸਾਫ਼-ਸਫ਼ਾਈ, ਈਕੋ ਟੂਰਿਜ਼ਮ ਆਦਿ ਬੈਂਕਿੰਗ ਖੇਤਰ ਵੱਲੋਂ ਉਪਯੁਕਤ ਰੂਪ ਵਿੱਚ ਨਿਭਾਇਆ ਨਹੀਂ ਜਾ ਰਿਹਾ।

5. ਨਵਿਆਉਣਯੋਗ ਦਿਹਾਤੀ ਊਰਜਾ ਪ੍ਰਣਾਲੀ ਬਾਇਓਗੈਸ, ਬਾਇਓ-ਡੀਜ਼ਲ, ਸੂਰਜੀ, ਪੌਣ, ਛੋਟੀ ਪਣ-ਊਰਜਾ ਦੀ ਵਰਤੋਂ ਕਰ ਰਹੀ ਹੈ ਜਿਸ ਨੂੰ ਹੋਰ ਉਤਸ਼ਾਹਿਤ ਕਰਨ ਦੀ ਲੋੜ ਹੈ।

6. ਗ੍ਰਾਮ ਪੰਚਾਇਤਾਂ ਦੇ ਸਹਿਯੋਗ ਨਾਲ ਆਧੁਨਿਕ ਦਿਹਾਤੀ ਕੁਟੀਰ ਬਣਾਉਣੇ।

ਪੱਧਰ-5 ਘਰੇਲੂ ਉਦਯੋਗ

1. ਝੁੱਗੀ-ਝੌਂਪੜੀ ਵਿਕਾਸ ਪ੍ਰੋਗਰਾਮ ਦੇ ਅੰਤਰਗਤ ਐਗਰੋ ਪ੍ਰੋਸੈਸਿੰਗ, ਲਘੂ ਮਾਈਕਰੋ ਉੱਦਮ , ਦਸਤਕਾਰੀ, ਦਿਹਾਤੀ ਲੋਕਾਂ ਲਈ ਰੁਜ਼ਗਾਰ ਪੈਦਾ ਕਰਨਾ ਅਤੇ ਉੱਦਮੀਆਂ ਦੇ ਨਿਕਾਸ ਲਈ ਸਹਾਇਤਾ, ਅਰਥਵਿਵਸਥਾਵਾਂ ਦੀਆਂ ਸਾਂਝੀਆਂ ਸਹੂਲਤਾਂ ਅਤੇ ਲਾਭਾਂ ਲਈ ਧਿਆਨ ਕੇਂਦਰਿਤ ਕਰਨਾ।

2. ਛੋਟੇ ਉੱਦਮਾਂ ਲਈ ਸੁਧਰੀ ਤਕਨਾਲੋਜੀ, ਹੁਨਰ ਨੂੰ ਹੋਰ ਉੱਪਰ ਚੁੱਕਣ ਲਈ ਦਿਹਾਤੀ ਇਸਤਰੀਆਂ ਵਿੱਚ ਉੱਦਮਤਾ ਲਈ ਸਿਖਲਾਈ ਵਾਸਤੇ ਅਰਵਿੰਦ।

3. ਦਿਹਾਤੀ ਇਸਤਰੀਆਂ ਦੁਆਰਾ ਗ਼ੈਰ ਖੇਤੀ ਉਤਪਾਦਾਂ ਦੀ ਪੈਦਾਵਾਰ ਦੇ ਮੰਡੀਕਰਨ ਨਾਲ ਨਿਪਟ ਰਹੀਆਂ ਏਜੰਸੀਆਂ ਦੀ ਰਿਣ ਸੰਬੰਧੀ ਸਹਾਇਤਾ ਦੇ ਵਿਸਤਾਰ ਲਈ ਮਹੀਮਾ।

4. ਵਿਕਾਸ ਕੇਂਦਰਿਤ ਪਿੰਡਾਂ ਵਿੱਚ ਪੰਚਾਇਤਾਂ ਰਾਹੀਂ ਆਧੁਨਿਕ ਗ੍ਰਾਮ ਕੁਟੀਰਾਂ ਦੀ ਸਥਾਪਨਾ।

ਪੱਧਰ-6.- ਸੰਸਥਾਗਤ ਵਿਕਾਸ ਆਰੰਭ

1. ਦਿਹਾਤੀ ਖੇਤਰਾਂ ਵਿੱਚ ਰਿਣ ਦੀ ਪ੍ਰਭਾਵਸ਼ਾਲੀ ਪੁਰਾਬੰਦੀ ਵਿੱਚ ਸੰਭਾਵਿਤ ਸੰਪਰਕ ਯੋਜਨਾ ਰਾਹੀਂ ਵਿਕੇਂਦਰੀਕ੍ਰਿਤ ਜ਼ਿਲ੍ਹਾ ਰਿਣ ਯੋਜਨਾਬੰਦੀ। ਦੇਸ਼ ਦੇ ਸਾਰੇ ਜ਼ਿਲ੍ਹਿਆਂ ਵਿੱਚ ਬੈਂਕਾਂ ਅਤੇ ਪ੍ਰਾਂਤ ਸਰਕਾਰਾਂ ਲਈ ਪੀ.ਐਲ.ਪੀ. ਹਵਾਲਾ ਦਸਤਾਵੇਜ਼ ਹੈ।

2. ਪ੍ਰਾਜੈਕਟ ਮੁੱਲਾਂਕਣ- ਖੇਤੀਬਾੜੀ ਪ੍ਰਾਜੈਕਟਾਂ ਦਾ ਬੈਂਕ ਅਤੇ ਸਹਿਕਾਰੀ ਜ਼ਿਲ੍ਹਾ ਨਿਰੀਖਕ ਅਧਿਐਨਾਂ, ਮੁੱਲਾਂਕਣ ਤਕਨੀਕਾਂ ਨਾਲ ਬੈਂਕ ਅਤੇ ਸਹਿਕਾਰੀ ਕਰਮਚਾਰੀਆਂ ਦੀ ਸਿਖਲਾਈ ਦੇ ਆਧਾਰ 'ਤੇ ਮੁੱਲੰਕਣ ਦਾ ਸੰਚਾਲਨ ਕਰਨਾ। ਆਰ.ਐਫ. ਆਈਜ਼ ਦੇ ਵਿੱਤੀ ਜ਼ੋਖ਼ਮ ਨੂੰ ਘੱਟ ਕਰਨ ਲਈ ਟੀ.ਐਮ.ਈ.ਸੈਲ। ਆਟੋਮੈਟਿਕ ਰੀਫਾਇਨਾਂਸ।

3. ਸਹਿਕਾਰਤਾ ਦਾ ਨਵੀਨੀਕਰਨ-ਲਘੂ ਅਵਧੀ ਸਹਿਕਾਰਤਾ ਸਰੰਚਨਾ ਨੂੰ (3 ਟਾਇਰ) ਫਿਰ ਸ਼ਕਤੀਸ਼ਾਲੀ ਬਣਾਉਣ ਲਈ ਪੈਕੇਜ਼ ਦੀ ਤਾਮੀਲ।

4. ਮੌਜੂਦਾ ਅਤੇ ਜਾਰੀ ਰਹਿਣਯੋਗ ਵਿਵਹਾਰਕਤਾ ਨੂੰ ਪ੍ਰਾਪਤ ਕਰਨ ਲਈ ਕਾਰਵਾਈ ਯੋਜਨਾ ਦੀ ਤਾਮੀਲ ਅਤੇ ਉੱਤਰੀਕਰਨ ਵਿੱਚ ਬੈਂਕਾਂ ਨੂੰ ਅੱਗੇ ਵਧਾਉਣ ਲਈ ਡੀ.ਏ.ਪੀ.ਐਮ.ਓ ਯੂਜ਼।

5. ਸੰਗਠਨਾਤਮਕ ਵਿਕਾਸ ਪ੍ਰੇਰਕ ਦੇ ਸੰਚਾਲਨ, ਏਰੀਕਰਨ ਸੰਯੋਜਨ, ਪੁਨਰ-ਅਵਰਤਨ ਨਾਲ ਖੇਤਰੀ ਦਿਹਾਤੀ ਬੈਂਕਾਂ ਲਈ ਨਵੀਂ ਨੀਤੀ ਧਾਰਨ ਕਰਨਾ।

6.ਐਨ.ਆਈ.ਬੀ.ਐਮ.ਐਨ.ਆਈ.ਆਰ.ਡੀ. ਆਈ.ਆਈ.ਬੀ. ਐਮ.ਨੂੰ ਸਹਾਇਤਾ. ਸਹਿਕਾਰੀ ਸਿਖਲਾਈ ਕੇਂਦਰਾਂ ਦੁਆਰਾ ਬੈਂਕ ਕਰਮਚਾਰੀਆਂ ਨੂੰ ਸਿਖਲਾਈ ਦੇਣ ਲਈ ਸਹਿਕਾਰੀ ਵਿਕਾਸ ਫ਼ੰਡ ਤੋਂ ਸਹਿਕਾਰੀ ਬੈਂਕਾਂ ਨੂੰ ਮੱਦਦ।

7. ਐਨ.ਏ.ਬੀ.ਸੀ. ਓ. ਐਨ.ਐਸ. ਉੱਚ ਲਾਗਤ ਉੱਚ ਜ਼ੋਖ਼ਮ ਵਾਲੇ ਪ੍ਰਾਜੈਕਟਾਂ. ਸਿਖਲਾਈ ਆਦਿ ਦੇ ਮੁੱਲਾਂਕਣ ਲਈ ਸਲਾਹ-ਮਸ਼ਵਰਾ ਵਿੰਗ।

ਉਦੇਸ਼ ਪੂਰਤੀ ਫ਼ੰਡ.- ਦਿਹਾਤੀ ਵਿਕਾਸ ਲਈ ਨਰਮ ਰਿਣ ਅਤੇ ਗ੍ਰਾਂਟ ਦੇ ਰੂਪ ਵਿੱਚ ਉੱਚਿਤ ਵਿੱਤੀ ਸਰੋਤਾਂ ਨੂੰ ਦਿਸ਼ਾ ਪ੍ਰਦਾਨ ਕਰਨ ਲਈ, ਨਾਬਾਰਡ ਨੇ ਕਈ ਸਾਲਾਂ ਤੋਂ ਕਈ ਉਦੇਸ਼ ਪੂਰਨ ਵਿਸ਼ੇਸ਼ ਫ਼ੰਡ ਸਥਾਪਿਤ ਕੀਤੇ ਹਨ ਜਦ ਕਿ ਇਨ੍ਹਾਂ ਫ਼ੰਡਾਂ ਵਿੱਚੋਂ ਕੁਝ ਫ਼ੰਡ ਸਟੇਕ-ਹੋਲਡਰਾਂ ਕੋਲੋਂ ਨਾਮਾਤਰ ਯੋਗਦਾਨ ਨਾਲ ਸ਼ੁਰੂ ਕੀਤੇ ਗਏ ਸਨ। ਇੱਥੇ ਇਹ ਕਹਿਣਾ ਠੀਕ ਹੋਵੇਗਾ ਕਿ ਨਾਬਾਰਡ ਦੇ ਆਪਣੇ ਲਾਭਾਂ ਤੋਂ ਨਿਮਿਤਣ ਰਾਹੀਂ ਬਹੁਤ ਸਾਰੇ ਫ਼ੰਡ ਵਧਾਏ ਗਏ ਹਨ। ਨਾਬਾਰਡ ਆਪਣੀ ਸਥਾਪਨਾ ਤੋਂ ਹੀ ਇੱਕ ਲਾਭਦਾਇਕ ਸੰਸਥਾ ਹੈ ਜਦ ਕਿ ਇਹ ਵਪਾਰਕ ਲੀਹ 'ਤੇ ਕੰਮ ਨਹੀਂ ਕਰਦੀ ਪਰ ਇਸ ਦੀ ਦ੍ਰਿਸ਼ਟੀ ਵਿਕਾਸ ਅਤੇ ਦਿਹਾਤ ਕੇਂਦਰਿਤ ਹੈ। ਸਮੇਂ-ਸਮੇਂ 'ਤੇ ਫ਼ੰਡ ਪੈਦਾ ਕੀਤੇ ਗਏ ਹਨ। ਨਾਬਾਰਡ ਦੁਆਰਾ ਅਮਲ ਵਿੱਚ ਲਿਆਂਦੇ ਗਏ ਹਨ।

ਸਿੱਟਾ.- ਵਿਸ਼ਾਲ ਦੇਸ਼ ਵਿੱਚ ਸਮੁੱਚਿਤ ਦਿਹਾਤੀ ਵਿਕਾਸ ਕਰਨਾ ਆਪਣੇ ਆਪ ਵਿੱਚ ਚੁਨੌਤੀਆਂ ਭਰਪੂਰ ਹੈ। ਅਨਾਜ ਸੁਰੱਖਿਆ ਲਈ ਲਗਾਤਾਰ. ਨਿਰਪੱਖ ਖੇਤਰੀ ਵਿਕਾਸ, ਦਿਹਾਤੀ ਰਿਣ ਪ੍ਰਵਾਹ ਨੂੰ ਵਧਾਉਣਾ, ਦਿਹਾਤੀ ਵਿੱਤੀ ਸੰਸਥਵਾਂ ਨੂੰ ਮਜ਼ਬੂਤ ਕਰਨਾ, ਦਿਹਾਤੀ ਰੁਜ਼ਗਾਰ ਪੈਦਾ ਕਰਨਾ, ਯੋਜਨਾਬੰਦੀ ਦੀਆਂ ਪਹੁੰਚਾਂ ਵਿੱਚ ਹਿੱਸਾ ਲੈਣਾ, ਉੱਚਿਤ ਅਪਾਰ ਸੰਰਚਨਾ ਨਿਰਮਾਣ ਰਾਹੀਂ ਨਿਰਪੱਖ ਵਿਕਾਸ, ਲਘੂ ਵਿੱਤ ਸੰਸਥਾਵਾਂ ਅਤੇ ਐਸ.ਐਚ.ਜੀਜ਼ ਨਿਰਮਿਤ ਕਰਨੀਆਂ, ਸਭ ਭਾਰੀ ਭਰਕਮ ਚੁਨੌਤੀਆ ਹਨ। ਨਾਬਾਰਡ ਇਨ੍ਹਾਂ ਸਾਰੀਆਂ ਚੁਨੌਤੀਆਂ ਨੂੰ ਸਮਾਨ ਤਰੀਕੇ ਨਾਲ ਨਜਿੱਠ ਰਿਹਾ ਹੈ, ਇਸ ਦਾ ਸਿਹਰਾ ਬੱਝਦਾ ਹੈ ਨਾਬਾਰਡ ਦੀ ਬਿਹਤਰੀਨ ਪ੍ਰਣਾਲੀ, ਪ੍ਰਕਿਰਿਆ ਅਤੇ ਸਟਾਫ਼ ਦੇ ਸਿਰ

ਡੁੱਬਈ ਵਿੱਚ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਖਲੀਫਾ ਬੁਰਜ ਦਾ ਉਦਘਾਟਨ

ਡਾ.ਸਵਰਾਜ ਸਿੰਘ

ਹੁਣੇ-ਹੁਣੇ ਡੁਬੱਈ ਦੀ ਸਭ ਤੋਂ ਉੱਚੀ ਇਮਾਰਤ ਜੋ ਕਿ ਹੁਣ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਬਣ ਗਈ ਹੈ, ਦਾ ਉਦਘਾਟਨ ਹੋਇਆ ਹੈ। ਇਸ ਇਮਾਰਤ ਦਾ ਨਾਂਅ ਖਲੀਫਾ ਬੁਰਜ ਰੱਖਿਆ ਗਿਆ ਹੈ। ਇਸ ਦੀ ਉਚਾਈ 828 ਮੀਟਰ ਜਾਂ 2716 ਫੁੱਟ ਹੈ, ਇਹ 160 ਮੰਜ਼ਲਾਂ ਦੀ ਇਮਾਰਤ ਹੈ, ਇਸ ਦੇ ਦੁਆਲੇ 28000 ਸ਼ੀਸੇ ਦੀਆਂ ਬਾਰੀਆਂ (ਪੈਨਲਜ਼) ਹਨ। ਇਸ ਵਿੱਚ 5 ਲੱਖ ਸੁਕੇਅਰ ਮੀਟਰ (ਵਰਗ ਮੀਟਰ) ਜਗ੍ਹਾ ਹੈ, ਵਿੱਚ ਕਈ ਦਫ਼ਤਰ, ਅਪਾਰਟਮੈਂਟ, ਰੈਸਟੋਰੈਂਟ ਅਤੇ ਹੋਟਲ ਵਗੈਰਾ ਬਣੇ ਹਨ। 124 ਵੀਂ ਮੰਜ਼ਿਲ 'ਤੇ ਬਾਹਰ ਦੇਖਣ ਲਈ ਜਗ੍ਹਾ (ਅਬਜ਼ਰਵੇਸ਼ਨ ਡੈਮ) ਬਣਾਈ ਗਈ ਹੈ । 2004 ਵਿੱਚ ਇਸ ਦੀ ਉਸਾਰੀ ਸ਼ੁਰੂ ਹੋਈ ਸੀ। ਇਸ ਵਿੱਚ 1044 ਅਪਾਰਟਮੈਂਟਸ ਅਤੇ 49 ਮੰਜ਼ਿਲਾਂ ਤੇ ਦਫ਼ਤਰ (ਆਫ਼ਿਸ) ਹੋਣਗੇ ਅਤੇ 160 ਕਮਰਿਆਂ ਦਾ ਹੋਟਲ ਬਣਾਇਆ ਜਾਏਗਾ, ਕੁਲ ਮਿਲਾ ਕੇ 12000 ਬੈਂਕ ਇਸ ਵਿੱਚ ਰਹਿਣਗੇ ਜਾਂ ਕੰਮ ਕਰਨਗੇ।

ਸੰਸਾਰ ਵਿੱਚ ਉੱਚੀਆਂ ਇਮਾਰਤਾਂ ਦਾ ਰੁਝਾਨ ਵੀ ਲੱਗਭੱਗ ਸੰਸਾਰ ਦੀ ਆਰਥਿਕਤਾ ਦੇ ਰੁਝਾਨਾਂ ਦੇ ਸਮਾਨ-ਅੰਤਰ ਚੱਲ ਰਿਹਾ ਹੈ। 1931 ਵਿੱਚ ਬਣੀ ਅਮਪਾਇਰ ਸਟੇਟ ਬਿਲਿਡਿੰਗ ਜੋ ਕਿ ਨਿਊਯਾਰਕ ਦੇ ਕੇਂਦਰ ਮੈਨਹੈਟਨ ਵਿੱਚ ਸਥਿਤ ਹੈ, ਬਹੁਤ ਦੇਰ ਤੱਕ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਰਹੀ, ਫਿਰ 1972 ਵਿੱਚ ਨਿਯੂਯਾਰਕ ਵਿੱਚ ਹੀ ਮੈਨਹੈਟਨ ਵਿੱਚ ਜੁੜਵੀਂ ਇਮਾਰਤ (ਟਵਿਨ ਟਾਵਰਜ਼) ਜਿਸ ਨੂੰ ਵਰਲਡ-ਟਰੇਡ ਟਾਵਰਜ਼ ਵੀ ਕਹਿੰਦੇ ਹਨ, ਜੋ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਬਣ ਗਈ,ਫਿਰ 1974 ਵਿੱਚ ਸ਼ਿਕਾਗੋ ਵਿੱਚ ਵਿਲਿਸ ਟਾਵਰ ਇਸ ਤੋਂ ਉੱਚੀ ਇਮਾਰਤ ਬਣ ਗਈ। ਇਸ ਤੋਂ ਬਾਅਦ ਪੱਛਮ ਵਿੱਚ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਨਹੀਂ ਬਣ ਸਕੀ ਅਤੇ ਸੰਸਾਰ ਦੀਆਂ ਉੱਚੀਆਂ ਇਮਾਰਤਾਂ ਪੂਰਬ ਵਿੱਚ ਹੀ ਬਣਦੀਆਂ ਰਹੀਆਂ ਹਨ। 1998 ਵਿੱਚ ਮਲੇਸ਼ੀਆ ਦੀ ਰਾਜਧਾਨੀ ਕੁਲਾਲਾਲੰਪੁਰ ਵਿੱਚ ਪੈਟਰੋਨਾਸ ਟਾਵਰਸ ਸੰਸਾਰ ਦਾ ਸਭ ਤੋਂ ਉੱਚੀ ਇਮਾਰਤ ਬਣ ਗਈ , ਫਿਰ 2008 ਵਿੱਚ ਸ਼ੰਘਾਈ ਦੀ ਵਰਲਡ ਫਾਈਨੈਂਸ ਸੈਂਟਰ ਸਭ ਤੋਂ ਉੱਚੀ ਇਮਾਰਤ ਬਣੀ, ਜਦੋਂ ਕਿ 2004 ਵਿੱਚ ਬਣੀ ਤੈਵਾਨ ਦੇ ਸ਼ਹਿਰ ਤੇਪਈ ਵਿੱਚ ਤੇਪਈ 101 ਦਾ ਐਨਟੀਨਾ ਵੀ ਸੰਸਾਰ ਦਾ ਸਭ ਤੋਂ ਉੱਚਾ ਸਮਝਿਆ ਜਾਂਦਾ ਰਿਹਾ ਹੈ, ਪਰੰਤੂ 2010 ਵਿੱਚ ਦੁਬੱਈ ਦੀ ਇਹ ਇਮਾਰਤ ਉਨ੍ਹਾਂ ਸਭ ਨਾਲੋਂ ਬਹੁਤ ਵੱਡੇ ਫ਼ਰਕ ਨਾਲ ਉੱਚੀ ਹੋ ਗਈ ਹੈ।

ਹੁਣੇ-ਹੁਣੇ ਡੁਬੱਈ ਦੀ ਸਭ ਤੋਂ ਉੱਚੀ ਇਮਾਰਤ ਜੋ ਕਿ ਹੁਣ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਬਣ ਗਈ ਹੈ, ਦਾ ਉਦਘਾਟਨ ਹੋਇਆ ਹੈ। ਇਸ ਇਮਾਰਤ ਦਾ ਨਾਂਅ ਖਲੀਫਾ ਬੁਰਜ ਰੱਖਿਆ ਗਿਆ ਹੈ। ਇਸ ਦੀ ਉਚਾਈ 828 ਮੀਟਰ ਜਾਂ 2716 ਫੁੱਟ ਹੈ, ਇਹ 160 ਮੰਜ਼ਲਾਂ ਦੀ ਇਮਾਰਤ ਹੈ, ਇਸ ਦੇ ਦੁਆਲੇ 28000 ਸ਼ੀਸੇ ਦੀਆਂ ਬਾਰੀਆਂ (ਪੈਨਲਜ਼) ਹਨ। ਇਸ ਵਿੱਚ 5 ਲੱਖ ਸੁਕੇਅਰ ਮੀਟਰ (ਵਰਗ ਮੀਟਰ) ਜਗ੍ਹਾ ਹੈ, ਵਿੱਚ ਕਈ ਦਫ਼ਤਰ, ਅਪਾਰਟਮੈਂਟ, ਰੈਸਟੋਰੈਂਟ ਅਤੇ ਹੋਟਲ ਵਗੈਰਾ ਬਣੇ ਹਨ। 124 ਵੀਂ ਮੰਜ਼ਿਲ 'ਤੇ ਬਾਹਰ ਦੇਖਣ ਲਈ ਜਗ੍ਹਾ (ਅਬਜ਼ਰਵੇਸ਼ਨ ਡੈਮ) ਬਣਾਈ ਗਈ ਹੈ । 2004 ਵਿੱਚ ਇਸ ਦੀ ਉਸਾਰੀ ਸ਼ੁਰੂ ਹੋਈ ਸੀ। ਇਸ ਵਿੱਚ 1044 ਅਪਾਰਟਮੈਂਟਸ ਅਤੇ 49 ਮੰਜ਼ਿਲਾਂ ਤੇ ਦਫ਼ਤਰ (ਆਫ਼ਿਸ) ਹੋਣਗੇ ਅਤੇ 160 ਕਮਰਿਆਂ ਦਾ ਹੋਟਲ ਬਣਾਇਆ ਜਾਏਗਾ, ਕੁਲ ਮਿਲਾ ਕੇ 12000 ਬੈਂਕ ਇਸ ਵਿੱਚ ਰਹਿਣਗੇ ਜਾਂ ਕੰਮ ਕਰਨਗੇ।

ਤੁਲਨਾਤਮਿਕ ਤੌਰ 'ਤੇ ਪੱਛਮ ਦੇ ਨਿਘਾਰ ਅਤੇ ਪੂਰਬ ਦੇ ਉਭਾਰ ਦੇ ਰੁਝਾਨ ਸਿਰਫ਼ ਇਮਾਰਤਾਂ ਦੀ ਉਚਾਈ ਤੱਕ ਹੀ ਸੀਮਿਤ ਨਹੀਂ ,ਸਗੋਂ ਜੀਵਨ ਦੇ ਹੋਰ ਬਹੁਤ ਸਾਰੇ ਪੱਖਾਂ ਤੋਂ ਵੀ ਇਹ ਰੁਝਾਨ ਸਪੱਸ਼ਟ ਹੁੰਦੇ ਹਨ। ਉਦਾਹਰਣ ਵਜੋਂ ਹਵਾਈ ਉਡਾਨਾਂ ਦੀ ਹੀ ਗੱਲ ਕਰ ਲਉ। ਪੂਰਬੀ ਦੇਸ਼ਾਂ ਵਿੱਚ ਬਨਣ ਵਾਲੇ ਹਵਾਈ ਅੱਡੇ (ਏਅਰਪੋਰਟਸ) ਲਗਾਤਾਰ ਪੱਛਮੀ ਦੇਸ਼ਾਂ ਦੇ ਹਵਾਈ ਅੱਡਿਆਂ ਨਾਲੋਂ ਬਿਹਤਰ ਸਾਬਿਤ ਹੋ ਰਹੇ ਹਨ। ਭਾਵੇਂ ਇਹ ਸਿੰਘਾਪੁਰ , ਕੁਆਲਾਲੰਪਰ (ਮਲੇਸ਼ੀਆ) ਜਾਂ ਦੱਖਣੀ ਕੋਰੀਆ ਦਾ ਇਨਚਿਆਨ ਹਵਾਈ ਅੱਡਾ ਹੋਵੇ। ਪਿਛਲੇ ਕਈ ਸਾਲਾਂ ਤੋਂ ਪੂਰਬੀ ਦੇਸ਼ਾਂ ਦੇ ਹਵਾਈ ਅੱਡਿਆਂ ਨੂੰ ਹੀ ਸਾਲ ਦਾ ਸੰਸਾਰ ਦਾ ਸਭ ਤੋਂ ਵਧੀਆ ਹਵਾਈ ਅੱਡਾ ਚੁਣਿਆ ਗਿਆ ਹੈ। ਇਸੇ ਤਰ੍ਹਾਂ ਪੂਰਬੀ ਦੇਸ਼ਾਂ ਦੀਆਂ ਏਅਰਲਾਈਨਜ਼ ਜਿਵੇਂ ਸਿੰਘਾਪੁਰ ਏਅਰਲਾਈਨਜ਼, ਜਾਂ ਏਸ਼ੀਆਨਾ ਤੇ ਕੋਰੀਅਨ ਏਅਰਲਾਈਨਜ਼ ਜਾਂ ਹਾਂਗਕਾਂਗ ਦੀ ਕੈਥੇ ਪੈਸਿਫਿਕ ਜਾਂ ਥਾਈਲੈਂਡ ਦੀ ਥਾਈਏਅਰ ਵਿੱਚ ਮਿਲਣ ਵਾਲੀਆਂ ਸੇਵਾਵਾਂ ਅਤੇ ਸਹੂਲਤਾਂ ਪੱਛਮੀ ਦੇਸ਼ਾਂ ਦੀਆਂ ਏਅਰਲਾਈਨਜ਼ ਨਾਲੋਂ ਕਿਤੇ ਵੱਧ ਚੰਗੀਆਂ ਹਨ। ਇਸੇ ਲਈ ਪਿਛਲੇ ਕਈ ਸਾਲਾਂ ਤੋਂ ਪੂਰਬੀ ਦੇਸ਼ਾਂ ਦੀਆਂ ਏਅਰਲਾਈਨਜ਼ ਤੇ ਖ਼ਾਸ ਕਰਕੇ ਸਿੰਘਾਪੁਰ ਏਅਰਲਾਈਨਜ਼ ਨੂੰ ਇਸ ਪੱਖੋਂ ਸੰਸਾਰ ਦੀ ਸਭ ਤੋਂ ਵਧੀਆ ਏਅਰਲਾਈਨਜ਼ ਚੁਣਿਆ ਜਾਂਦਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਅਮਰੀਕਨ ਏਅਰਲਾਈਨਜ਼ ਵਿੱਚ ਉਪਲੱਬਧ ਸੇਵਾਵਾਂ ਵਿੱਚ ਲਗਾਤਾਰ ਕਟੌਤੀ ਹੁੰਦੀ ਰਹੀ ਹੈ। ਉਪਲੱਬਧ ਸੇਵਾਵਾਂ ਦੇ ਨਾਲ-ਨਾਲ ਜਿਸਮਾਨੀ ਤੌਰ 'ਤੇ ਵੀ ਅਮਰੀਕਨ ਏਅਰਲਾਈਨਜ਼ ਹੋਸਟੈਸਾਂ ਨੂੰ ਏਸ਼ੀਆ ਦੀਆਂ ਏਅਰਲਾਈਨਾਂ ਦੀਆਂ ਹੋਸਟੈਸਾਂ ਨਾਲ ਤੁਲਨਾਤਮਿਕ ਤੌਰ 'ਤੇ ਦੇਖਣ ਨਾਲ ਹੀ ਬਹੁਤ ਵੱਡਾ ਫ਼ਰਕ ਸਪੱਸ਼ਟ ਹੁੰਦਾ ਹੈ। ਕੁੱਝ ਫ਼ਰਕ ਜੋ ਇੱਕਦਮ ਦਿਸ ਜਾਂਦੇ ਹਨ। ਏਸ਼ੀਆ ਏਅਰਲਾਈਨਜ਼ ਦੀਆਂ ਹੋਸਟੈਸਾਂ ਜ਼ਿਆਦਾ ਪਤਲੀਆਂ, ਜ਼ਿਆਦਾ ਜਵਾਨ, ਜ਼ਿਆਦਾ ਚੁਸਤ ਅਤੇ ਜ਼ਿਆਦਾ ਸੱਜੀਆਂ ਹੋਈਆਂ ਹੁੰਦੀਆਂ ਹਨ। ਅਸੀਂ ਹੁਣੇ-ਹੁਣੇ ਮੈਕਸੀਕੋ ਦੇ ਸ਼ਹਿਰ ਬਾਸ ਕਾਬੋਸ ਤੋਂ ਵਾਪਿਸ ਆਏ ਹਾਂ। ਲਾਸ ਐਂਜਲਾ ਵਿੱਚ ਸਿਆਟਲ ਲਈ ਹਵਾਈ ਜਹਾਜ਼ ਬਦਲਿਆ, ਉੱਥੇ ਇੱਕ ਏਸ਼ੀਅਨ ਏਅਰ ਲਾਈਨਜ਼ ਦੀਆਂ ਹੋਸਟੈਸਾਂ ਵੀ ਲੰਘ ਰਹੀਆਂ ਸਨ ਤਾਂ ਉੱਪਰ ਦੱਸੇ ਫ਼ਰਕ ਸਪੱਸ਼ਟ ਹੋ ਗਏ। ਇੱਥੇ ਇਹ ਵੀ ਕਹਿਣਾ ਉਚਿੱਤ ਹੋਏਗਾ ਕਿ 70 ਵਿਆਂ ਦੇ ਦਹਾਕੇ ਵਿੱਚ ਅਜਿਹਾ ਫ਼ਰਕ ਦੇਖਣ ਨੂੰ ਨਹੀਂ ਮਿਲਦਾ ਸੀ।

ਹਾਲੇ ਵੀ ਦੁੱਖ ਦੀ ਗੱਲ ਹੈ ਕਿ ਬਹੁਤ ਸਾਰੇ ਭਾਰਤੀ ਲੋਕ ਆਪਣੀ ਪੱਛਮ ਪ੍ਰਤੀ ਗੁਲਾਮ ਮਾਨਸਕਿਤਾ ਤੋਂ ਮੁਕਤ ਨਹੀਂ ਹੋਏ ਅਤੇ ਪੱਛਮ ਦੇ ਨਿਘਾਰ ਅਤੇ ਪੂਰਬ ਦੇ ਉਭਾਰ ਦੇ ਸਪੱਸ਼ਟ ਪ੍ਰਮਾਣ ਦੇਖ ਕੇ ਵੀ ਉਹ ਸਚਾਈ ਨੂੰ ਮੰਨਣ ਤੋਂ ਇਨਕਾਰੀ ਹਨ। ਡੁਬੱਈ ਵਿੱਚ ਸੰਸਾਰ ਦੀ ਸਭ ਤੋਂ ਉੱਚੀ ਅਤੇ ਆਧੁਨਿਕ ਇਮਾਰਤ ਦੇ ਬਣਨ ਨਾਲ ਸ਼ਾਇਦ ਉਹ ਇਹ ਸੋਚਣਾ ਸ਼ੁਰੂ ਕਰ ਦੇਣ ਕਿ ਇਹ ਕੋਈ ਹਾਦਸਾ ਨਹੀਂ ਕਿ ਲਗਾਤਾਰ ਪੂਰਬ ਵਿੱਚ ਉੱਚੀਆਂ ਤੋਂ ਉੱਚੀਆਂ ਇਮਾਰਤਾਂ ਬਣੀ ਜਾ ਰਹੀਆਂ ਹਨ ਅਤੇ ਪੱਛਮ ਵਿੱਚ ਹੁਣ ਅਜਿਹੀਆਂ ਇਮਾਰਤਾਂ ਕਿਉਂ ਨਹੀਂ ਬਣ ਰਹੀਆਂ ਹਨ।ਅਸਲ ਵਿੱਚ ਇਹ ਤੱਥ ਪੱਛਮ ਦੇ ਨਿਘਾਰ ਨੇ ਪੂਰਬ ਤੇ ਉਭਾਰ ਦਾ ਪ੍ਰਤੀਕ ਹੈ।